# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਅੰਮ੍ਰਿਤਸਰ

ਵੱਲ:

ਪ੍ਰਿੰਸੀਪਲ/ਸਕੂਲ ਮੁੱਖੀ,
ਸਮੂਹ ਸਰਕਾਰੀ/ਏਡਿਡ/ਆਦਰਸ਼/ਸੈਂਟਰਲ/ਐਨ.ਸੀ.ਐਲ.ਪੀ./ਪ੍ਰਾਈਵੇਟ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ. 3178-81 ਮਿਤੀ: 14-11-2017

ਵਿਸ਼ਾ: UDISE (ਯੂਡਾਈਸ) ਸਰਵੇ 2017-18 ਸਬੰਧੀ।

ਹਵਾਲਾ: ਮੁੱਖ ਦਫਤਰ ਦੇ ਮੀਮੋ ਨੰ. 13/1-2017/ਐਮ.ਆਈ.ਐਸ./ਯੂਡਾਈਸ/201712335 ਮਿਤੀ: ਚੰਡੀਗੜ੍ਹ 07 ਨਵੰਬਰ,2017 ਅਨੁਸਾਰ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹਰ ਸਾਲ ਦੀ ਤਰਾਂ ਇਸ ਵਾਰ ਵੀ ਐਮ.ਐਚ.ਆਰ.ਡੀ., ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ UDISE (Unified District Information System for Education) ਸਰਵੇ ਕਰਵਾਇਆ ਜਾ ਰਿਹਾ ਹੈ।ਇਸ ਸਰਵੇ ਰਾਹੀਂ ਪੰਜਾਬ ਰਾਜ ਅਧੀਨ ਚੱਲ ਰਹੇ ਹਰ ਪ੍ਰਕਾਰ ਦੇ ਸਕੂਲਾਂ ਤੋਂ ਵਿਦਿਆਰਥੀਆਂ, ਅਧਿਆਪਕਾਂ, ਬੁਨਿਆਦੀ ਢਾਂਚੇ ਅਤੇ ਵੱਖ-ਵੱਖ ਸਕੂਲ ਪੱਧਰ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਇਕੱਤਰ ਕੀਤੀ ਜਾਣੀ ਹੈ।ਇਸ ਸਰਵੇ ਰਾਹੀਂ ਇਕੱਤਰ ਅੰਕੜਿਆਂ ਨੂੰ ਭਾਰਤ ਸਰਕਾਰ ਵੱਲੋਂ ਵੱਖ-ਵੱਖ ਸਕੀਮਾਂ ਅਤੇ ਪ੍ਰੋਜੈਕਟਾਂ ਲਈ ਵਰਤਿਆ ਜਾਂਦਾ ਹੈ।

<u>ਇਸ ਸਰਵੇ ਸਬੰਧੀ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ:</u>

1. ਡਾਟਾ ਦੀ ਇਕ-ਸਾਰਤਾ ਅਤੇ ਸਮੇਂ ਦੀ ਬੱਚਤ ਨੂੰ ਮੁੱਖ ਰੱਖਦੇ ਹੋਏ E-governance ਸੁਧਾਰਾਂ ਤਹਿਤ ਸਿੱਖਿਆ ਵਿਭਾਗ, ਪੰਜਾਬ ਵੱਲੋਂ ਇਸ ਵਾਰ UDISE ਸਰਵੇ ਨੂੰ ਆਨਲਾਈਨ ਕਰਕੇ ਈ-ਪੰਜਾਬ ਪੋਰਟਲ (www.epunjabschool.gov.in) ਨਾਲ ਲਿੰਕ ਕਰ ਦਿੱਤਾ ਗਿਆ ਹੈ, ਭਾਵ ਸਕੂਲਾਂ ਵੱਲੋਂ ਈ-ਪੰਜਾਬ ਪੋਰਟਲ ਤੇ ਦਰਜ ਡਾਟਾ ਪਹਿਲਾਂ ਹੀ UDISE ਸਰਵੇ ਦੇ ਆਨਲਾਈਨ ਸਾਫਟਵੇਅਰ ਨਾਲ ਲਿੰਕ ਕਰ ਦਿੱਤਾ ਗਿਆ ਹੈ। ਆਨਲਾਈਨ **UDISE** ਸਰਵੇ ਲਈ ਲਿੰਕ **"UDISE Survey 2017-18 (Fill Online)"** ਸਕੂਲ ਦੇ ਈ-ਪੰਜਾਬ ਅਕਾਊਂਟ ਵਿੱਚ ਹੋਮਪੇਜ ਉੱਤੇ ਉਪਲੱਬਧ ਹੈ।

2. UDISE ਸਾਫਟਵੇਅਰ ਵਿੱਚ ਜੋ ਡਾਟਾ ਈ-ਪੰਜਾਬ ਪੋਰਟਲ ਨਾਲ ਲਿੰਕ ਹੈ, ਉਹ Non-editable ਹੈ। ਜੇਕਰ ਉਸ ਵਿੱਚ ਕੋਈ ਸੋਧ ਕਰਨੀ ਹੈ ਤਾਂ ਉਹ ਸਕੂਲ ਦੇ ਈ-ਪੰਜਾਬ ਅਕਾਊਂਟ ਵਿੱਚ ਹੀ ਕੀਤੀ ਜਾ ਸਕਦੀ ਹੈ, ਜਿਸ ਤੋਂ ਬਾਅਦ UDISE ਸਾਫਟਵੇਅਰ ਵਿੱਚ ਡਾਟਾ ਆਪਣੇ ਆਪ ਹੀ ਸਹੀ ਹੋ ਜਾਵੇਗਾ। ਇਸ ਤੋਂ ਇਲਾਵਾ ਜੋ ਡਾਟਾ ਈ-ਪੰਜਾਬ ਪੋਰਟਲ ਤੇ ਮੌਜੂਦ ਨਹੀਂ ਹੈ, ਉਹ ਆਨਲਾਈਨ UDISE ਸਾਫਟਵੇਅਰ ਵਿੱਚ ਭਰਿਆ ਜਾ ਸਕੇਗਾ।

3. UDISE ਸਰਵੇ ਇੱਕ ਸਮਾਂਬੱਧ ਸਰਵੇ ਹੈ ਅਤੇ ਸਰਕਾਰ ਲਈ ਸਿੱਖਿਆ ਦੇ ਖੇਤਰ ਨਾਲ ਸਬੰਧਤ ਨੀਤੀਆਂ ਬਣਾਉਣ ਲਈ ਬਹੁਤ ਹੀ ਮਹੱਤਵਪੂਰਨ ਹੈ। **ਆਨਲਾਈਨ UDISE ਸਰਵੇ ਸਾਫਟਵੇਅਰ ਵਿੱਚ ਸਹੀ ਡਾਟਾ ਭਰ ਕੇ ਅਪਰੂਵ ਕਰਨ ਦੀ ਅੰਤਿਮ ਮਿਤੀ 25-11-2017 ਹੈ।**

4. ਗਲਤ ਜਾਣਕਾਰੀ ਦੇਣ ਜਾਂ ਡਾਟਾ ਮਿੱਥੇ ਸਮੇਂ ਵਿੱਚ ਮੁਕੰਮਲ ਨਾ ਕਰਨ ਵਾਲੇ ਸਕੂਲਾਂ ਖਿਲਾਫ ਸਰਕਾਰ ਵੱਲੋਂ ਸਖਤ ਕਾਰਵਾਈ ਆਰੰਭੀ ਜਾਵੇਗੀ। ਇਸ ਲਈ ਡਾਟਾ ਦੀ ਅਪਡੇਸ਼ਨ ਸਹੀ ਅਤੇ ਮਿੱਥੇ ਸਮੇਂ ਵਿੱਚ ਕਰਨੀ ਯਕੀਨੀ ਬਣਾਈ ਜਾਵੇ।

4. ਆਨਲਾਈਨ UDISE ਸਰਵੇ ਸਾਫਟਵੇਅਰ ਜਾਂ ਈ-ਪੰਜਾਬ ਪੋਰਟਲ ਸਬੰਧੀ ਕਿਸੇ ਕਿਸਮ ਦੀ ਤਕਨੀਕੀ ਸਹਾਇਤਾ ਜਾਂ ਵਧੇਰੇ ਜਾਣਕਾਰੀ ਲਈ ਸਬੰਧਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕਰ ਲਿਆ ਜਾਵੇ।

5. ਆਨਲਾਈਨ UDISE ਸਰਵੇ ਜਾਂ ਈ-ਪੰਜਾਬ ਪੋਰਟਲ ਸਬੰਧੀ ਤਕਨੀਕੀ ਸਹਾਇਤਾ/ਡਾਟਾ ਅਨਲਾਕ ਆਦਿ ਲਈ ਐਮ.ਆਈ.ਐਸ. ਵਿੰਗ, ਅੰਮ੍ਰਿਤਸਰ ਦੇ ਪੋਰਟਲ **www.misasr.info** ਰਾਹੀਂ ਵੀ ਜਿਲ੍ਹਾ ਐਮ.ਆਈ.ਐਸ. ਸ਼ਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ-ਤੋਂ ਇਲਾਵਾ ਜਿਲ੍ਹਾ ਐਮ.ਆਈ.ਐਸ. ਸ਼ਾਖਾ ਦੇ ਹੈਲਪਲਾਈਨ ਨੰਬਰ 0183-5011158 ਤੇ ਸੰਪਰਕ ਕੀਤਾ ਜਾ ਸਕਦਾ ਹੈ। ਫਿਰ ਵੀ ਕੋਈ ਮੁਸ਼ਕਿਲ ਆਉਣ ਤੇ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਸ. ਜਸਕਰਨ ਸਿੰਘ ਨਾਲ ਫੋਨ ਨੰ. 99145-10307 ਜਾਂ ਈ-ਮੇਲ ਆਈ.ਡੀ. **misamritsar@punjabeducation.gov.in** ਤੇ ਸੰਪਰਕ ਕਰ ਲਿਆ ਜਾਵੇ।

ਨੱਥੀ:
1. UDISE ਸਰਵੇ ਸਬੰਧੀ ਸਿੱਖਿਆ ਵਿਭਾਗ, ਪੰਜਾਬ ਵੱਲੋਂ ਜਾਰੀ ਉਪਰੋਕਤ ਹਵਾਲੇ ਅਧੀਨ ਪੱਤਰ ਦੀ ਕਾਪੀ।
2. ਬਲਾਕ ਐਮ.ਆਈ.ਐਸ. ਕੋਆਰਡੀਨੇਟਰਜ ਸਬੰਧੀ ਜਾਣਕਾਰੀ।

-ਸਹੀ-

ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.)
ਅੰਮ੍ਰਿਤਸਰ

ਪੱਤਰ ਨੰ. ਸਮ ਮਿਤੀ: ਸਮ

ਉਤਾਰਾ:
1. ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਨੂੰ ਸੂਚਨਾ ਹਿੱਤ।
2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਅੰਮ੍ਰਿਤਸਰ ਜੀ ਨੂੰ ਆਪਣੇ ਅਧੀਨ ਆਉਂਦੇ ਸਮੂਹ ਸਰਕਾਰੀ, ਏਡਿਡ, ਪ੍ਰਾਈਵੇਟ ਆਦਿ ਸਕੂਲਾਂ ਨੂੰ ਸੂਚਿਤ ਕਰਨ ਹਿੱਤ।
3. ਸਮੂਹ ਬੀ.ਪੀ.ਈ.ਓਜ. ਜਿਲ੍ਹਾ ਅੰਮ੍ਰਿਤਸਰ ਨੂੰ ਆਪਣੇ ਬਲਾਕ ਅਧੀਨ ਆਉਂਦੇ ਸਮੂਹ ਸਰਕਾਰੀ, ਏਡਿਡ, ਪ੍ਰਾਈਵੇਟ ਆਦਿ ਸਕੂਲਾਂ ਨੂੰ ਸੂਚਿਤ ਕਰਨ ਹਿੱਤ।

ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.)
ਅੰਮ੍ਰਿਤਸਰ

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ)ਅੰਮ੍ਰਿਤਸਰ

**ਈ ਮੇਲ: pes.amr@gmail.com ਫੋਨ ਨੰਬਰ : 0183-2225897 ਫੈਕਸ 0183-2225896**

ਪਿੱਠ ਅੰਕਣ ਨੰ :ਗਾਈਡੈਂਸ/2017/ਅੰਮ੍ਰਿਤਸਰ/ 80 ਮਿਤੀ : 24/11/2017

ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ,ਏਡਿਡ,ਪ੍ਰਾਈਵੇਟ ਸਕੂਲ ਦੇ ਪ੍ਰਿੰਸੀਪਲ/ਹੈਡਮਾਸਟਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

24/11/17

ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ 24/11/2017